# ਬੰਦਾ ਸਿੰਘ ਬਹਾਦੁਰ ਦੀ ਜੁੱਧ-ਨੀਤੀ

**ਪ੍ਰੋ. ਬਲਵੰਤ ਸਿੰਘ ਢਿੱਲੋਂ**
**ਗੁਰੂ ਨਾਨਕ ਦੇਵ ਯੂਨੀਵਰਸਿਟੀ**
**ਅੰਮ੍ਰਿਤਸਰ**

ਖਾਲਸਾ ਦਲ ਦੇ ਨੇਤਾ ਵਜੋਂ ਬਾਬਾ ਬੰਦਾ ਸਿੰਘ ਬਹਾਦੁਰ ਦੇ ਜੰਗੀ ਕਾਰਨਾਮੇ ਤੇ ਪ੍ਰਾਪਤੀਆਂ ਬੜੀਆਂ ਲਾ-ਮਿਸਾਲ ਹਨ। ਉਸ ਨੇ ਮੁਗ਼ਲ ਸਾਮਰਾਜ ਵਿਰੁੱਧ ਸੈਨਿਕ ਸੰਘਰਸ਼ ਵਾਸਤੇ ਸਿੱਖਾਂ ਨੂੰ ਲਾਮਬੰਦ ਕਰਨ ਲਈ ਨਾ ਕੇਵਲ ਉਚਤਮ ਕਿਸਮ ਦੀ ਪ੍ਰਤਿਭਾ ਤੇ ਕੌਸ਼ਲ ਦਾ ਸਬੂਤ ਹੀ ਦਿੱਤਾ ਬਲਕਿ ਬਹੁਤ ਹੀ ਸੀਮਿਤ ਜੰਗੀ-ਸਾਧਨਾਂ ਨਾਲ ਅਤੇ ਬਹੁਤ ਹੀ ਥੋੜ੍ਹੇ ਅਰਸੇ ਵਿਚ ਉਸ ਵਕਤ ਦੇ ਸ਼ਕਤੀਸ਼ਾਲੀ ਸਾਮਰਾਜ ਨੂੰ ਉਤਰ-ਪੱਛਮੀ ਭਾਰਤ ਦੇ ਬਹੁਤ ਵੱਡੇ ਭੂ-ਭਾਗ ਵਿਚੋਂ ਖਦੇੜ ਕੇ ਉਸ ਦੀ ਥਾਂ ਪਹਿਲਾ ਸਿੱਖ ਰਾਜ ਸਥਾਪਿਤ ਕਰਨ ਵਿਚ ਸਫਲਤਾ ਵੀ ਗ੍ਰਹਿਣ ਕੀਤੀ। ਉਸ ਦੁਆਰਾ ਸਥਾਪਿਤ ਕੀਤੀ ਸ਼ਾਸਨ ਵਿਵਸਥਾ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਖੇਤਰ ਵਿਚ ਕਿਸੇ ਕ੍ਰਾਂਤੀ ਤੋਂ ਘੱਟ ਨਹੀਂ ਸੀ। ਨਿਰਸੰਦੇਹ ਉਹ ਬਹੁਤ ਹੀ ਅਦਭੁਤ ਤੇ ਆਕਰਸ਼ਕ ਸ਼ਖ਼ਸੀਅਤ ਦੇ ਮਾਲਕ ਸਨ। ਹੱਥਲੇ ਅਧਿਐਨ ਦਾ ਉਦੇਸ਼ ਉਨ੍ਹਾਂ ਦੀ ਸੈਨਿਕ ਪ੍ਰਤਿਭਾ ਤੇ ਜੰਗੀ-ਹੁਨਰ ਦੇ ਕੁੱਝ ਵਿਸ਼ੇਸ ਪੱਖਾਂ ‘ਤੇ ਧਿਆਨ ਕੇਂਦ੍ਰਿਤ ਕਰਨ ਤੱਕ ਸੀਮਿਤ ਹੈ।

ਪੇਸ਼ਾਵਰਾਨਾ ਫੌਜੀ ਮੁਹਾਰਤ ਰੱਖਣ ਵਾਲੇ ਸਭ  ਜਰਨੈਲ ਜਾਣਦੇ ਹਨ ਕਿ ਕਿਸੇ ਵੀ ਸੈਨਿਕ ਮੁਹਿੰਮ ਦੀ ਸਫਲਤਾ ਲਈ ਜ਼ਰੂਰੀ ਹੈ ਕਿ ਨਾ ਕੇਵਲ ਇਸ ਦਾ ਉਦੇਸ਼ ਤੇ ਉਚਿਤਤਾ ਬੜੀ ਸਪੱਸ਼ਟ ਹੋਵੇ ਬਲਕਿ ਇਸ ਦੀ ਅਗਵਾਈ ਕਰਨ ਵਾਲਾ ਕਮਾਂਡਰ ਮਿਸ਼ਨ ਦੀ ਪ੍ਰਾਪਤੀ ਲਈ ਦ੍ਰਿੜ ਸੰਕਲਪ ਦਾ ਧਾਰਨੀ ਵੀ ਹੋਵੇ। ਉਦੇਸ਼ ਨੂੰ ਸਰੰਜਾਮ ਦੇਣ ਲਈ ਸਿਰਲੱਥ ਸੂਰਬੀਰਾਂ ਦੀ ਫ਼ੌਜੀ ਜਮਾਤ ਦਾ ਗਠਨ ਵੀ ਕੋਈ ਘੱਟ ਮਹੱਤਾ ਨਹੀਂ ਰੱਖਦਾ ਕਿਉਂਕਿ ਇਨ੍ਹਾਂ ਸੈਨਿਕਾਂ ਦੀ ਉਦੇਸ਼ ਪ੍ਰਤੀ ਪ੍ਰਤਿਬਧਤਾ ਤੇ ਦਲੇਰੀ ਵਿਚ ਹੀ ਇਸ ਦੀ ਸਫ਼ਲਤਾ ਦਾ ਰਾਜ ਨਿਹਿਤ ਹੁੰਦਾ ਹੈ। ਫ਼ੌਜੀ ਜਰਨੈਲ ਨੂੰ ਉਸ ਦੀ ਅਗਵਾਈ ਹੇਠ ਛੇੜੀ ਗਈ ਸੈਨਿਕ ਮੁਹਿੰਮ ਵਿਚ ਸ਼ਾਮਿਲ ਸੈਨਿਕਾਂ ਦਾ ਅਕੱਟ ਵਿਸ਼ਵਾਸ ਤੇ ਭਰੋਸਾ ਗ੍ਰਹਿਣ ਕਰਨ ਤੋਂ ਇਲਾਵਾ ਸਥਾਨਕ ਲੋਕਾਂ ਦਾ ਸਹਿਯੋਗ ਤੇ ਸਹਾਇਤਾ ਯਕੀਨਤ ਤੌਰ ‘ਤੇ ਮੁਹਿੰਮ ਦੀ ਕਾਮਯਾਬੀ ਦਾ ਬਾਇਸ ਬਣਦਾ ਹੈ। ਜੰਗ ਦੇ ਦੌਰਾਨ ਸਥਾਨਕ ਪ੍ਰਸਥਿਤੀਆਂ ਤੇ ਉਥੇ ਪ੍ਰਾਪਤ ਸਾਧਨ ਤੇ ਵਸੀਲਿਆਂ ਦੀ ਵਾਕਫ਼ੀਅਤ ਵੀ ਕੋਈ ਘੱਟ ਅਹਿਮੀਅਤ ਨਹੀਂ ਰੱਖਦੀ। ਉਕਤ ਸਭ ਕੁੱਝ ਤੋਂ ਇਲਾਵਾ ਵਿਰੋਧੀ ਸੈਨਾ ਦੀ ਸ਼ਕਤੀ ਦਾ ਸਹੀ ਅਨੁਮਾਨ, ਸਮੇਂ ਤੇ ਸਥਿਤੀ ਅਨੁਸਾਰ ਜੰਗੀ-ਚਾਲ ਵਿਚ ਫੇਰ-ਬਦਲ, ਨਵੇਂ ਤੇ ਅਨੋਖੇ ਜੰਗੀ ਪੈਂਤੜੇ, ਜੰਗ ਦੇ ਮੈਦਾਨ ਵਿਚ ਸੈਨਿਕਾਂ ਦੀ ਆਸਾਧਾਰਣ ਸੂਰਮਗਤੀ ਕਈ ਵਾਰ ਹਾਰੀ ਹੋਈ ਬਾਜੀ ਨੂੰ ਫਤਹਿ ਵਿਚ ਤਬਦੀਲ ਕਰ ਦਿੰਦੇ ਹਨ।

ਉਕਤ ਦੇ ਮੱਦੇ-ਨਜ਼ਰ ਜਦੋਂ ਅਸੀਂ ਬੰਦਾ ਸਿੰਘ ਬਹਾਦੁਰ ਦੇ ਮੁਗ਼ਲਾਂ ਵਿਰੁਧ ਸੈਨਿਕ ਸੰਘਰਸ਼ ਨੂੰ ਗੰਭੀਰਤਾ ਸਹਿਤ ਵਿਚਾਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਇਸ ਦਾ ਉਦੇਸ਼ ਦਵੱਲਾ ਸੀ। ਭਰੋਸੇ ਯੋਗ ਸਿੱਖ ਸਰੋਤਾਂ ਦੀ ਗਵਾਹੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਲਈ ਜ਼ਿੰਮੇਵਾਰ ਸਰਹਿੰਦ ਦੇ ਫ਼ੌਜਦਾਰ ਵਜ਼ੀਰ ਖ਼ਾਨ ਨੂੰ ਸਜ਼ਾ ਦੇਣ

ਤੋਂ ਇਲਾਵਾ ਗੁਰੂ ਸਾਹਿਬ ਵਿਰੁਧ ਵਾਵੇਲਾ ਖੜ੍ਹਾ ਕਰਨ ਵਾਲੇ ਪਹਾੜੀ ਰਾਜਿਆਂ ਨੂੰ ਸੋਧਣ ਦਾ ਮਿਸ਼ਨ ਸੌਂਪਿਆ ਸੀ। ਇਸ ਸੰਘਰਸ਼ ਦਾ ਦੂਸਰਾ ਉਦੇਸ਼ ਪੰਜਾਬ ਵਿਚੋਂ ਭਰਿਸ਼ਟ ਤੇ ਅਤਿਆਚਾਰੀ ਮੁਗ਼ਲ ਸ਼ਾਸਨ ਨੂੰ ਖਤਮ ਕਰਕੇ ਉਸ ਦੀ ਥਾਂਉਂ ਨੇਕੀ ਤੇ ਇਨਸਾਫ਼ ਉਪਰ ਆਧਾਰਿਤ ਸਿੱਖ ਰਾਜ ਸਥਾਪਿਤ ਕਰਨਾ ਸੀ।

ਰਤਨ ਸਿੰਘ ਭੰਗੂ ਅਨੁਸਾਰ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਉਠੇ ਸਿੱਖ ਵਿਦਰੋਹ ਦਾ ਘੇਰਾ ਦਿੱਲੀ ਤੋਂ ਲੈ ਕੇ ਪੂਰੇ ਪੰਜਾਬ ਜਿਸ ਵਿਚ ਪਹਾੜੀ ਇਲਾਕਾ ਵੀ ਸ਼ਾਮਿਲ ਸੀ, ਤੱਕ ਫੈਲਿਆ ਹੋਇਆ ਸੀ। ਗੁਰੂ ਸਾਹਿਬ ਨੇ ਉਸ ਨੂੰ ਇਹ ਨਸੀਹਤ ਵੀ ਦਿੱਤੀ ਸੀ ਕਿ ਜੇਕਰ ਕੋਈ ਸਮਰਪਨ ਲਈ ਅਰਜੋਈ ਕਰਦਾ ਹੈ ਤਾਂ ਉਸ ਨੂੰ ਮੁਆਫ਼ ਕਰ ਦੇਵੇ। ਮਿਸ਼ਨ ਨੂੰ ਸਰੰਜਾਮ ਦੇਣ ਲਈ ਗੁਰੂ ਸਾਹਿਬ ਨੇ ਇਹ ਉਪਦੇਸ਼ ਵੀ ਦਿੱਤਾ ਸੀ ਕਿ ਸਿੱਖਾਂ ਨੂੰ ਸਤਿਕਾਰ ਸਹਿਤ ਲਾਮਬੰਦ ਕਰਕੇ ਆਪਣੇ ਦਲ ਵਿਚ ਸ਼ਾਮਿਲ ਕਰ ਲੈਣਾ। ਦੱਸਿਆ ਜਾਂਦਾ ਹੈ ਕਿ ਗੁਰੂ ਸਾਹਿਬ ਦੁਆਰਾ ਦਿੱਤੀਆਂ ਸਾਰੀਆਂ ਨਸੀਹਤਾਂ ਨੂੰ ਬੰਦਾ ਸਿੰਘ ਬਹਾਦੁਰ ਨੇ ਕਾਗਜ਼ ਉਪਰ ਲਿਖ ਲਿਆ ਤੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਉਸ ਦੇ ਨਾਲ ਉਹ ਸਿੰਘ ਰਵਾਨਾ ਕੀਤੇ ਜਾਣ ਜੋ ਪੰਜਾਬ ਵਿਚ ਪੰਥ ਦੋਖੀਆਂ ਨੂੰ ਚੰਗੀ ਤਰ੍ਹਾਂ ਪਹਿਚਾਨਦੇ ਹਨ।ਉਸ ਨੇ ਸੋਨੀਪਤ ਦੇ ਨਜਦੀਕ ਸੇਹਰੀ-ਖੰਡਾ ਵਿਚ ਆਪਣਾ ਡੇਰਾ ਜਮਾ ਕੇ ਸਭ ਤੋਂ ਪਹਿਲੇ ਪੰਜਾਬ ਦੇ ਸਿੱਖਾਂ ਨਾਲ ਸੰਪਰਕ ਸਾਧਣ ਦੀ ਸੋਚੀ। ਇਸ ਮਕਸਦ ਲਈ ਉਸ ਨੇ ਗੁਰੂ ਸਾਹਿਬ ਦੁਆਰਾ ਪੰਜਾਬ ਦੇ ਸਿੱਖਾਂ ਨੂੰ ਸੰਬੋਧਿਤ ਹੁਕਮਨਾਮੇ ਭੇਜੇ। ਇਸ ਦੇ ਨਾਲ ਹੀ ਉਸ ਨੇ ਆਪਣੇ ਰੁਤਬੇ ਸੰਬੰਧੀ ਬੜੀ ਬੇ-ਬਾਕੀ ਤੇ ਈਮਾਨਦਾਰੀ ਨਾਲ ਲਿਖਿਆ ਕਿ ਉਹ ਉਸੇ ਪਰਮ ਪੁਰਖ ਦਾ ਪੈਰੋਕਾਰ ਹੈ ਜਿਸ ਨੇ ਖਾਲਸੇ ਦੀ ਸਾਜਨਾ ਕੀਤੀ ਹੈ। ਬੰਦਾ ਸਿੰਘ ਬਹਾਦੁਰ ਦੇ ਨਾਲ ਨਾਦੇੜ ਤੋਂ ਆਏ ਹਜ਼ੂਰੀ ਸਿੰਘਾਂ ਨੇ ਆਪਣੇ ਸਾਕ-ਸੰਬੰਧੀਆਂ ਤੇ ਮਿੱਤਰਾਂ ਨੂੰ ਚਿੱਠੀਆਂ ਲਿਖ ਕੇ ਸਪਸ਼ਟ ਕੀਤਾ ਕਿ ਉਸ ਨੂੰ ਗੁਰੂ ਸਾਹਿਬ ਨੇ ਆਪ ਇਸ ਮਿਸ਼ਨ ਉਪਰ ਤੋਰਿਆ ਹੈ। ਗੁਰੂ ਸਾਹਿਬ ਦੇ ਹੁਕਮਨਾਮਿਆਂ ਤੇ ਇਨ੍ਹਾਂ ਸਿੰਘਾਂ ਦੀਆਂ ਲਿਖੀਆਂ ਚਿੱਠੀਆਂ ਦਾ ਪੰਜਾਬ ਦੇ ਸਿੱਖਾਂ ਉਪਰ ਬੜਾ ਵਿਆਪਕ ਤੇ ਜਾਦੂਈ ਪ੍ਰਭਾਵ ਪਿਆ ਚੁਨਾਂਚਿ ਉਹ ਤੁਰੰਤ ਬੰਦਾ ਸਿੰਘ ਬਹਾਦੁਰ ਦੀ ਅਗਵਾਈ ਵਿਚ ਨਾਦੇੜ ਤੋਂ ਪਹੁੰਚੇ ਸਿੱਖਾਂ ਦੇ ਛੋਟੇ ਜਿਹੇ ਦਲ ਵਿਚ ਸ਼ਾਮਿਲ ਹੋਣ ਲਈ ਤਿਆਰ ਹੋ ਗਏ। ਜਿਨ੍ਹਾਂ ਪਾਸ ਛੋਟੇ-ਮੋਟੇ ਹਥਿਆਰ ਖਰੀਦਣ ਤੇ ਰਾਹ-ਖਰਚ ਦੇ ਲਈ ਕੋਈ ਪੂੰਜੀ ਨਹੀਂ ਸੀ, ਉਨ੍ਹਾਂ ਨੇ ਸ਼ਾਹਾਂ ਦੇ ਮਿੰਨਤ-ਤਰਲੇ ਕੀਤੇ ਤੇ ਦੂਣੇ-ਚੌਣੇ ਦੇਣ ਦਾ ਇਕਰਾਰ ਕਰਕੇ ਬੰਦੋਬਸਤ ਕੀਤਾ। ਜਿਹੜੇ ਸਿੱਖ ਖੁਦ ਸ਼ਾਮਿਲ ਨਹੀਂ ਸੀ ਹੋ ਸਕਦੇ ਉਨ੍ਹਾਂ ਨੇ ਗੁਰੂ ਦੇ ਨਮਿਤ ਉਕਤ ਕਿਸਮ ਦੇ ਸਿੰਘਾਂ ਨੂੰ ਧਨ ਦੇ ਕੇ ਮੱਦਦ ਕੀਤੀ। ਮਾਲਵੇ ਤੋਂ ਬੰਦਾ ਸਿੰਘ ਬਹਾਦੁਰ ਦਾ ਡੇਰਾ ਕੋਈ ਬਹੁਤੀ ਦੂਰ ਨਹੀਂ ਸੀ ਇਸ ਲਈ ਮਲਵਈ ਸਿੰਘਾਂ ਨੂੰ ਉਸ ਨਾਲ ਮਿਲਣ ਵਿਚ ਕੋਈ ਬਹੁਤੀ ਪਰੇਸ਼ਾਨੀ ਦਾ ਸਾਹਮਣਾ ਨਹੀਂ ਸੀ ਕਰਨਾ ਪਿਆ। ਦੂਜੇ ਪਾਸੇ ਮਾਝੇ ਤੇ ਦੁਆਬੇ ਦੇ ਸਿੰਘਾਂ ਨੂੰ ਸ਼ਾਹੀ ਸੜਕ ਤੇ ਦਰਿਆਵਾਂ ਦੇ ਪੱਤਣਾਂ ਉੱਤੇ ਮੁਗ਼ਲ ਸੈਨਿਕਾਂ ਦੀਆਂ ਚੌਕੀਆਂ ਦੀਆਂ ਥਾਂ-ਥਾਂ ਰੋਕਾਂ ਸਨ। ਇਸ ਸਥਿਤੀ ਵਿਚ ਮਝੈਲ ਸਿੰਘਾਂ ਨੇ ਕੰਢੀ ਦਾ ਰਾਹ ਫੜ ਕੇ ਕੀਰਤਪੁਰ ਆ ਡੇਰੇ ਲਾਏ ਤੇ ਅਗਲੀ ਮੰਜ਼ਿਲ ਵੱਲ ਰਵਾਨਾ ਹੋਣ ਲਈ ਉਚਿਤ ਮੌਕੇ ਦੀ ਉਡੀਕ ਕਰਨ ਲੱਗੇ। ਸਰਹਿੰਦ ਉਪਰ ਚੜ੍ਹਾਈ ਕਰਨ ਤੋਂ

ਪਹਿਲੇ ਬੰਦਾ ਸਿੰਘ ਬਹਾਦੁਰ ਨੇ ਮਝੈਲ ਸਿੰਘਾਂ ਦੇ ਜੱਥੇ ਨੂੰ ਆਪਣੇ ਨਾਲ ਰਲਾਉਣ ਲਈ ਕੁੱਝ ਦਿਨ ਇੰਤਜ਼ਾਰ ਵਿਚ ਵੀ ਲੰਘਾਏ।

ਸਿਰਫ਼ ਸਿੱਖਾਂ ਨੂੰ ਹੀ ਨਹੀਂ ਬਲਕਿ ਮੁਗ਼ਲ ਹਾਕਿਮਾਂ ਦੀਆਂ ਵਧੀਕੀਆਂ ਤੋਂ ਤੰਗ ਆਏ ਲੋਕਾਂ ਨੂੰ ਵੀ ਬੰਦਾ ਸਿੰਘ ਬਹਾਦੁਰ ਨੇ ਆਪਣੇ ਸੰਘਰਸ਼ ਵਿਚ ਸ਼ਾਮਿਲ ਕਰਨ ਦੀ ਪਹਿਲ-ਕਦਮੀ ਕੀਤੀ।ਸਭ ਤੋਂ ਮਹੱਤਵਪੂਰਨ ਤੱਥ ਇਹ ਹੈ ਕਿ ਬੰਦਾ ਸਿੰਘ ਬਹਾਦੁਰ ਨੇ ਸਥਾਨਕ ਲੋਕਾਂ ਨੂੰ ਵਿਆਪਕ ਪੱਧਰ ਉੱਤੇ ਆਪਣੇ ਸੰਘਰਸ਼ ਵਿਚ ਭਾਈਵਾਲ ਬਣਾਉਣ ਦੀ ਵਿਉਂਤ ਬਣਾਈ। ਇਸ ਵਿਚ ਬਹੁ-ਗਿਣਤੀ ਕਿਸਾਨ ਅਤੇ ਅਖੌਤੀ ਨੀਵੀਆਂ ਜਾਤਾਂ ਦੇ ਸਿੱਖ ਸਨ ਜੋ ਬੜੇ ਚਾਅ ਦੇ ਨਾਲ ਉਸ ਦੇ ਸੰਘਰਸ਼ ਵਿਚ ਆ ਕੁੱਦੇ ਸਨ। ਪੇਸ਼ਾਵਰ ਜਾਤਾਂ ਵਿਚੋਂ ਵਣਜਾਰੇ ਸਿੱਖ ਸਭ ਤੋਂ ਪਹਿਲੇ ਉਸ ਦੇ ਨਾਲ ਆ ਮਿਲੇ ਸਨ। ਉਸ ਦੇ ਸੈਨਿਕ ਦਲ ਵਿਚ ਹਿੰਦੂ ਤੇ ਮੁਸਲਿਮ ਵੀ ਸ਼ਾਮਿਲ ਹੋ ਗਏ ਸਨ। ਸੇਹਰੀ-ਖੰਡਾ ਵਿਚ ਡੇਰਾ ਜਮਾ ਕੇ ਉਸ ਨੇ ਸਥਾਨਕ ਲੋਕਾਂ ਦਾ ਵਿਸ਼ਵਾਸ ਹਾਸਿਲ ਕਰਕੇ ਜੋ ਸਹਿਯੋਗ ਪ੍ਰਾਪਤ ਕੀਤਾ ਉਹ ਆਪਣੇ-ਆਪ ਵਿਚ ਬੜੀ ਉਪਲਬਧੀ ਸੀ ਜਿਸ ਨੇ ਖਾਲਸਾ ਦਲ ਲਈ ਰਾਸ਼ਨ ਆਦਿ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਯਕੀਨੀ ਬਣਾ ਦਿਤੀ ਸੀ। ਉਹ ਮੁਗ਼ਲਾਂ ਦੀ ਸ਼ਾਹੀ ਮੁਹਿੰਮ ਦੇ ਦੌਰਾਨ ਸਥਾਨਕ ਲੋਕਾਂ ਤੋਂ ਜਬਰਦਸਤੀ ਬੇਗਾਰ ਦੀ ਰਵਾਇਤ ਲੈਣ ਦੇ ਵਿਪਰੀਤ, ਖਾਲਸਾ ਦਲ ਨੂੰ ਸਹਾਇਤਾ ਤੇ ਸੇਵਾਵਾਂ ਪ੍ਰਦਾਨ ਕਰਨ ਵਾਲੇ ਲੋਕਾਂ ਨੂੰ ਉਚਿਤ ਮੁਆਵਜ਼ਾ ਦਿੰਦਾ ਸੀ।ਸਮਕਾਲੀ ਸਰੋਤਾਂ ਅਨੁਸਾਰ ਜੇਕਰ ਕੋਈ ਦੁਖੀਆ-ਦਰਦਮੰਦ ਉਸ ਪਾਸ ਫਰਿਆਦੀ ਹੁੰਦਾ ਸੀ ਤਾਂ ਉਸ ਨੂੰ ਧਨ ਦੇ ਨਾਲ ਮਾਲਾ-ਮਾਲ ਕਰ ਦਿੰਦਾ ਸੀ। ਕੈਥਲ, ਸਮਾਣਾ ਵਗੈਰਾ ਦੇ ਮੁਗ਼ਲ ਅਮੀਰਾਂ ਪਾਸੋਂ ਜੋ ਲੁੱਟ ਦਾ ਮਾਲ ਮਿਲਿਆ ਸੀ, ਉਹ ਉਸ ਨੇ ਆਪਣੇ ਪਾਸ ਰੱਖਣ ਦੀ ਬਜਾਇ ਬੜੇ ਖੁਲ੍ਹੇ ਦਿਲ ਨਾਲ ਖਾਲਸਾ ਦਲ ਵਿਚ ਵੰਡ ਦਿੱਤਾ ਸੀ।

ਜੰਗ ਦੇ ਦੌਰਾਨ ਮੁਗ਼ਲ ਸੈਨਿਕ ਆਮ ਤੌਰ 'ਤੇ ਨਿਹੱਥੀ ਪਰਜਾ ਅਤੇ ਔਰਤਾਂ ਉਪਰ ਅੱਤਿਆਚਾਰ ਢਾਹੁਣ ਤੋਂ ਇਲਾਵਾ ਬੜੀ ਲੁੱਟ-ਖਸੁੱਟ ਕਰਦੇ ਸਨ। ਪਰ ਬੰਦਾ ਸਿੰਘ ਬਹਾਦੁਰ ਦਾ ਸਖ਼ਤ ਆਦੇਸ਼ ਸੀ ਕਿ ਕੋਈ ਵੀ ਸਿੱਖ ਸੈਨਿਕ ਔਰਤਾਂ ਦੇ ਗਹਿਣੇ ਨੂੰ ਹੱਥ ਨਾ ਲਾਵੇ ਤੇ ਨਾ ਹੀ ਕਿਸੇ ਨਾਗਰਿਕ ਨੂੰ ਬੇ-ਇਜ਼ਤ ਕਰਨ ਦੀ ਕੋਈ ਕੋਸ਼ਿਸ਼ ਕਰੇ। ਤੁਅੱਸਬੀ ਨਜ਼ਰੀਏ ਦਾ ਸ਼ਿਕਾਰ ਹੋਏ ਫ਼ਾਰਸੀ ਦੇ ਇਤਿਹਾਸਕਾਰ ਆਮ ਤੌਰ 'ਤੇ ਬੰਦਾ ਸਿੰਘ ਬਹਾਦੁਰ ਦੁਆਰਾ ਸਰਹਿੰਦ ਉਪਰ ਹਮਲੇ ਦੌਰਾਨ ਵਿਆਪਕ ਪੱਧਰ ਉੱਤੇ ਲੋਕਾਂ ਦਾ ਕਤਲੇ-ਆਮ ਤੇ ਲੁੱਟ-ਮਾਰ ਕਰਨ ਦਾ ਦੋਸ਼ਾਰੋਪਣ ਕਰਦੇ ਹਨ। ਪਰ ਅਖਬਾਰਾਤਿ ਦਰਬਾਰਿ ਮੁਅੱਲਾ ਦੀ ਇਕ ਖ਼ਬਰ ਵਿਚ ਲਿਖਿਆ ਹੈ ਕਿ ਬੰਦਾ ਸਿੰਘ ਬਹਾਦੁਰ ਨੇ ਸਰਹਿੰਦ ਉਪਰ ਕਬਜ਼ਾ ਕਰਕੇ ਸਖ਼ਤ ਹੁਕਮ ਜਾਰੀ ਕਰ ਦਿੱਤੇ ਸਨ ਕਿ ਇਨਸਾਨ ਤਾਂ ਕੀ ਕਿਸੇ ਜਾਨਵਰ ਨੂੰ ਵੀ ਕੋਈ ਨੁਕਸਾਨ ਨਾ ਪਹੁੰਚਾਇਆ ਜਾਵੇ। ਰਤਨ ਸਿੰਘ ਭੰਗੂ ਦੀ ਗਵਾਹੀ ਅਨੁਸਾਰ ਉਸ ਨੇ ਸਰਹਿੰਦ ਨੂੰ ਲੁੱਟਿਆ ਨਹੀਂ ਸੀ ਬਲਕਿ ਇਸ ਦੀ ਰਾਖੀ ਦੇ ਲਈ ਵਸੂਲੀ ਕੀਤੀ ਸੀ।

ਬੰਦਾ ਸਿੰਘ ਬਹਾਦੁਰ ਦੀ ਰਣ-ਨੀਤੀ ਤੇ ਜੰਗੀ ਕਲਾ ਬੜੀ ਕਮਾਲ ਦੀ ਸੀ। ਉਹ ਇਕ ਅਜਿਹਾ ਸੈਨਾਪਤੀ ਸੀ ਜੋ ਘੱਟ ਤੋਂ ਘੱਟ ਨੁਕਸਾਨ ਕਰਵਾ ਕੇ ਵੱਧ ਤੋਂ ਵੱਧ ਸਫਲਤਾ ਗ੍ਰਹਿਣ

ਕਰਦਾ ਸੀ। ਉਹ ਆਪਣੀ ਰਣਨੀਤੀ ਬੜੀ ਸੂਝ ਨਾਲ ਸਰੰਜਾਮ ਦਿੰਦਾ ਸੀ। ਉਹ ਜੰਗ ਉੱਤੇ ਉਤਾਰੂ ਉਦੋਂ ਹੁੰਦਾ ਸੀ ਜਦੋਂ ਉਸ ਨੂੰ ਸਫਲਤਾ ਦੀ ਯਕੀਨ ਹੁੰਦਾ ਸੀ। ਸੋਨੀਪਤ ਦੇ ਗੁਆਂਢ ਵਿਚ ਉਸ ਨੇ ਕਈ ਮਹੀਨੇ ਡੇਰਾ ਜਮਾਈ ਰੱਖਿਆ ਪਰ ਇਸ ਉਪਰ ਹਮਲਾ ਉਦੋਂ ਹੀ ਕੀਤਾ ਜਦੋਂ ਉਸ ਪਾਸ ਲੋੜੀਂਦੀ ਮਾਤਰਾ ਵਿਚ ਸਿੱਖ ਸੈਨਿਕ ਤੇ ਜੰਗੀ ਹਥਿਆਰ ਪ੍ਰਾਪਤ ਹੋ ਗਏ ਸਨ। ਬਹਾਦੁਰੀ ਉਸ ਦੀ ਸ਼ਖ਼ਸੀਅਤ ਦਾ ਖਾਸਾ ਸੀ ਤੇ ਇਹੋ ਹੀ ਵਿਸ਼ੇਸ਼ਤਾ ਤੇ ਗੁਣ ਉਸ ਦੇ ਸਾਥੀ ਸਿੰਘਾਂ ਭਾਈ ਬਾਜ਼ ਸਿੰਘ, ਭਾਈ ਫਤਹਿ ਸਿੰਘ ਆਦਿ ਵਿਚ ਸਨ। ਉਸ ਦੀ ਜੰਗੀ-ਕਲਾ ਗੁਰੀਲਾ-ਜੁੱਧ ਤੇ ਆਹਮੋ-ਸਾਹਮਣੇ ਦੀ ਗਹਿਗੱਚ ਲੜਾਈ, ਦੋਨਾਂ ਦਾ ਮਿਸ਼ਰਤ ਰੂਪ ਸੀ। ਦੁਸ਼ਮਨ ਉਪਰ ਹਮਲਾ ਅਚਾਨਕ ਤੇ ਬਿਜਲੀ ਦੀ ਰਫਤਾਰ ਨਾਲ ਕੀਤਾ ਜਾਂਦਾ ਸੀ। ਗਜ਼ਬ ਦੀ ਸ਼ਕਤੀ ਤੇ ਜ਼ੋਰ ਨਾਲ ਮੁਗ਼ਲ ਸੈਨਿਕਾਂ ਦੀਆਂ ਸਫਾਂ ਨੂੰ ਚੀਰ ਕੇ ਸੁੱਟ ਦੇਣਾ ਉਸ ਦੀ ਵਿਸ਼ੇਸ਼ਤਾ ਸੀ। ਸਾਮਾਣੇ ਦੇ ਮੁਗ਼ਲਾਂ ਤੇ ਸੱਯਦਾਂ ਨੂੰ ਆਪਣੀ ਸੂਰਮਗਤੀ ਉਪਰ ਘੁਮੰਡ ਤੋਂ ਇਲਾਵਾ ਸ਼ਹਿਰ ਦੇ ਚੌਗਿਰਦੇ ਕਿਲ੍ਹੇ ਨੁਮਾ ਦੀਵਾਰ ਤੇ ਆਪਣੀਆਂ ਗੜ੍ਹੀ ਨੁਮਾ ਹਵੇਲੀਆਂ ਉਪਰ ਵਿਸ਼ਵਾਸ ਸੀ ਕਿ ਉਨ੍ਹਾਂ ਦਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ। ਪਰ ਬੰਦਾ ਸਿੰਘ ਬਹਾਦੁਰ ਤੇ ਉਸ ਦੇ ਸਾਥੀਆਂ ਨੇ ਦਸਾਂ ਕੋਹਾਂ ਦੀ ਦੂਰੀ ਤੋਂ ਧਾਈ ਕਰਕੇ ਸਵੇਰ ਸਾਰ ਅਜਿਹਾ ਅਚਾਨਕ ਧਾਵਾ ਕੀਤਾ ਕਿ ਸ਼ਹਿਰ ਦੇ ਦਰਵਾਜੇ ਬੰਦ ਕਰਨ ਦਾ ਮੌਕਾ ਹੀ ਨਾ ਦਿੱਤਾ ਤੇ ਪਲਾਂ ਦੇ ਵਿਚ ਸਾਮਾਣੇ ਦੇ ਮਹਿਲ ਤੇ ਮਾੜੀਆਂ ਤਹਿਸ-ਨਹਿਸ ਕਰ ਦਿੱਤੀਆਂ। ਚੱਪੜਚਿੜੀ ਦੀ ਲੜਾਈ ਵਿਚ ਬੰਦਾ ਸਿੰਘ ਬਹਾਦੁਰ ਦੀ ਅਗਵਾਈ ਹੇਠ ਵਜ਼ੀਰ ਖਾਨ ਦੇ ਤੋਪਖਾਨੇ ਉੱਤੇ ਅਜਿਹੀ ਫੁਰਤੀ ਨਾਲ ਹਮਲਾ ਕੀਤਾ ਕਿ ਮੁਗ਼ਲ ਤੋਪਚੀਆਂ ਨੂੰ ਪਲੀਤੇ ਹੀ ਦਾਗਣ ਨਾ ਦਿੱਤੇ ਅਤੇ ਸ਼ੇਰ ਦੇ ਵਾਂਗ ਛਾਲਾਂ ਮਾਰ ਕੇ ਸਿੰਘ ਮੁਗ਼ਲਾਂ ਦੇ ਹਾਥੀਆਂ ਉੱਤੇ ਜਾ ਸਵਾਰ ਹੋਏ ਜਿਸ ਨਾਲ ਵਜ਼ੀਰ ਖ਼ਾਨ ਦੀ ਫੌਜ ਦੀਆਂ ਸਫਾਂ ਵਿਚ ਐਸੀ ਅਫਰਾ-ਤਫਰੀ ਫੈਲੀ ਕਿ ਪਾਸਾ ਹੀ ਪਲਟ ਗਿਆ।

ਸਢੌਰੇ ਦੇ ਨਜ਼ਦੀਕ 25 ਨਵੰਬਰ 1711 ਨੂੰ ਮੁਗ਼ਲ ਸੈਨਾ ਤੇ ਸਿੱਖਾਂ ਵਿਚਕਾਰ ਹੋਈ ਇਕ ਮੁੱਠ-ਭੇੜ ਦਾ ਵਿਵਰਣ ਦਿੰਦਾ ਹੋਇਆ ਖਾਫ਼ੀ ਖਾਨ ਲਿਖਦਾ ਹੈ ਕਿ ਅਚਾਨਕ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਦਸ ਬਾਰਾਂ ਕੋਹਾਂ ਦੀ ਵਿਥ ਤੋਂ ਧਾਵਾ ਕਰਕੇ ਉਚੀ-ਉਚੀ ਨਾਅਰੇ ਮਾਰਦੇ ਹੋਏ ਬਾਦਸ਼ਾਹੀ ਲਸ਼ਕਰ ਉਪਰ ਟੁੱਟ ਕੇ ਪੈ ਗਏ। ਉਹ ਲਿਖਦਾ ਹੈ ਕਿ ਜੰਗ ਦਾ ਕੀ ਹਾਲ ਲਿਖਾਂ ਕਿਉਂਕਿ ਇਹ ਬਿਆਨ ਤੋਂ ਬਾਹਰ ਹੈ।"ਫਕੀਰਾਂ ਵਾਲੇ ਲਿਬਾਸ ਤੇ ਖ਼ੂੰਖਾਰ ਸ਼ਕਲਾਂ ਵਾਲੇ ਸਿੱਖ ਹਜ਼ਾਰ ਦੋ ਹਜ਼ਾਰ ਆਦਮੀਆਂ ਨੂੰ ਵੱਢਦੇ ਹੋਏ ਅਤੇ ਹਮਲੇ ਉਪਰ ਹਮਲਾ ਕਰਦੇ ਹੋਏ ਵੇਖ ਕੇ ਸ਼ਾਹੀ ਲਸ਼ਕਰ ਭੈ-ਭੀਤ ਹੋ ਗਿਆ। ਇਕ ਵਾਰ ਤਾਂ ਇਉਂ ਮਹਿਸੂਸ ਹੋਇਆ ਜਿਵੇਂ ਸ਼ਾਹੀ ਫ਼ੌਜ਼ ਦੀ ਹਾਰ ਹੋ ਰਹੀ ਹੈ।" ਬੰਦਾ ਸਿੰਘ ਬਹਾਦੁਰ ਦੀ ਫ਼ੌਜ਼ ਵਿਚ ਸ਼ਾਮਿਲ ਸਿੱਖਾਂ ਦੇ ਜਜ਼ਬੇ ਤੇ ਦਲੇਰੀ ਨੂੰ ਬਿਆਨ ਕਰਦਾ ਹੋਇਆ ਖਾਫ਼ੀ ਖ਼ਾਨ ਲਿਖਦਾ ਹੈ ਕਿ ਉਹ ਆਪਣੇ ਸਰਦਾਰ ਦੇ ਹੁਕਮ ਨੂੰ ਸਤ ਕਰਕੇ ਮੰਨਦੇ ਸਨ। ਉਹ ਕਮਾਲ ਦੀ ਫੁਰਤੀ ਨਾਲ ਕਿਲ੍ਹੇ ਵਿਚੋਂ ਬਾਹਰ ਨਿਕਲਦੇ ਸਨ ਤੇ ਪਤੰਗਿਆਂ ਵਾਂਗ ਬਾਵਰੇ ਹੋਏ ਬਹਾਦਰੀ ਨਾਲ ਆਪਣੇ-ਆਪ ਨੂੰ ਤੋਪਾਂ ਦੇ ਗੋਲਿਆਂ ਦੀ ਅੱਗ ਵਿਚ ਝੋਕ ਦਿੰਦੇ ਸਨ। ਤੇਗਾਂ ਦੀ ਤਿੱਖੀ ਧਾਰ, ਨੇਜ਼ਿਆਂ ਤੇ ਬਾਣਾਂ ਦੀਆਂ ਤਿੱਖੀਆਂ ਨੋਕਾਂ ਉਪਰ ਚੜ੍ਹ ਕੇ ਸ਼ਹੀਦ ਹੋ ਜਾਂਦੇ ਸਨ। ਉਹ ਸ਼ਾਹੀ ਫੌਜ ਦੇ ਮੋਰਚਿਆਂ ਉਪਰ ਤਾਬੜ-ਤੋੜ ਹਮਲੇ ਕਰਕੇ ਸਫਾਂ ਤੋੜ ਦਿੰਦੇ ਸਨ। ਬੰਦਾ ਸਿੰਘ ਬਹਾਦੁਰ ਦੇ ਗਿਰਦ ਇਕੱਠੇ ਹੋਏ ਸਿੱਖ ਬਿਨ੍ਹਾਂ

ਕਿਸੇ ਦੇਰੀ ਦੇ ਆਪਣੀ ਜਾਨ ਨਿਸ਼ਾਵਰ ਕਰਨ ਲਈ ਤਿਆਰ ਰਹਿੰਦੇ ਸਨ। ਖ਼ਾਫ਼ੀ ਖਾਨ ਲਿਖਦਾ ਹੈ ਕਿ "ਜਿਨ੍ਹਾਂ ਲੋਕਾਂ ਨੂੰ ਜੰਗੀ ਤਜਰਬਾ ਹੈ, ਉਹ ਇਸ ਹਕੀਕਤ ਨੂੰ ਭਲੀ-ਭਾਂਤ ਜਾਣਦੇ ਹਨ ਕਿ ਜੇਕਰ ਦੋ-ਤਿੰਨ ਹਜ਼ਾਰ ਸੈਨਿਕਾਂ ਵਿਚ ਸੌ ਦੋ ਸੌ ਸਵਾਰ ਅਜਿਹੇ ਮੌਜੂਦ ਹੋਣ ਜੋ ਬਹਾਦਰੀ, ਕੁਰਬਾਨੀ ਤੇ ਨਮਕ-ਹਲਾਲੀ ਦਾ ਜਜ਼ਬਾ ਰੱਖਦੇ ਹੋਣ ਤਾਂ ਉਹ ਉਸ ਫ਼ੌਜ ਦੀ ਫਤਹਿ ਦਾ ਸਬੱਬ ਬਣਦੇ ਹਨ। ਸਿੱਖਾਂ ਵਿਚ ਐਸਾ ਜਜ਼ਬਾ ਮੌਜੂਦ ਸੀ ਭਾਵੇਂ ਕਿ ਉਨ੍ਹਾਂ ਵਿਚ ਪਿਆਦਿਆਂ ਦੀ ਗਿਣਤੀ ਵਧੇਰੇ ਸੀ"। ਰੁਸਤਮ ਦਿਲ ਖ਼ਾਨ, ਮੁਹੰਮਦ ਅਮੀਨ ਖ਼ਾਨ, ਈਸਾ ਖ਼ਾਨ ਮੰਜ ਆਦਿ ਮੁਗ਼ਲ ਸੈਨਾਪਤੀਆਂ ਨੇ ਸਿਆਲਕੋਟ ਦੇ ਨੇੜੇ ਬੰਦਾ ਸਿੰਘ ਬਹਾਦੁਰ ਨੂੰ ਤਿੰਨ ਪਾਸਿਆਂ ਤੋਂ ਘੇਰਨ ਦਾ ਜਤਨ ਕੀਤਾ ਪਰ ਉਹ ਮੁਗ਼ਲਾਂ ਦੇ ਘੇਰੇ ਨੂੰ ਚੀਰ ਕੇ ਜੰਮੂ ਦੇ ਪਹਾੜੀ ਇਲਾਕੇ ਵਿਚ ਵੜਨ ਵਿਚ ਕਾਮਯਾਬ ਰਿਹਾ। ਮਾਰਚ-ਦਸੰਬਰ 1715 ਵਿਚ ਗਰਦਾਸ ਨੰਗਲ ਦੇ ਘੇਰੇ ਸਮੇਂ ਮੁਗ਼ਲ ਸੈਨਾਪਤੀਆਂ ਨੂੰ ਇਹ ਧੁੜਕੂ ਲੱਗਿਆ ਹੋਇਆ ਸੀ ਕਿ ਘੇਰੇ ਅੰਦਰਲੇ ਸਿੰਘ ਕਿਧਰੇ ਇਕੱਠੇ ਹੋ ਕੇ ਜ਼ੋਰਦਾਰ ਹਮਲਾ ਕਰਕੇ ਘੇਰੇ ਨੂੰ ਤੋੜ ਕੇ ਆਪਣੇ ਆਗੂ ਨੂੰ ਬਾਹਿਰ ਕੱਢ ਕੇ ਹੀ ਨਾ ਲੈ ਜਾਣ।

ਉਸ ਦੀ ਰਣ-ਕਲਾ ਦਾ ਇਕ ਹੋਰ ਵਿਸ਼ੇਸ਼ ਪੱਖ ਜੰਗ ਦੇ ਮੰਚ ਨੂੰ ਬੜੀ ਚੁਸਤੀ-ਫੁਰਤੀ ਨਾਲ ਤਬਦੀਲ ਕਰ ਦੇਣ ਨਾਲ ਸੰਬੰਧਿਤ ਸੀ। ਬਾਦਸ਼ਾਹ ਬਹਾਦਰ ਸ਼ਾਹ ਨੇ ਨਵੰਬਰ-ਦਸੰਬਰ 1710 ਵਿਚ ਬੜੇ ਵੱਡੇ ਲਾਮੋ-ਲਸ਼ਕਰ ਤੇ ਜੰਗੀ ਸਾਜੋ-ਸਾਮਾਨ ਨਾਲ ਲੋਹਗੜ੍ਹ ਨੂੰ ਇਸ ਆਸ ਨਾਲ ਘੇਰਾ ਪਾਇਆ ਸੀ ਕਿ ਬੰਦਾ ਸਿੰਘ ਬਹਾਦੁਰ ਤੇ ਉਸ ਦੇ ਸਾਥੀ ਬਚ ਕੇ ਨਹੀਂ ਨਿਕਲ ਸਕਣਗੇ। ਮੁਗ਼ਲ ਸੈਨਾ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਬਾਵਜੂਦ ਉਹ ਬੜੀ ਚੁਸਤੀ ਤੇ ਹੁਸ਼ਿਆਰੀ ਨਾਲ ਲੋਹਗੜ੍ਹ ਵਿਚੋਂ ਨਿਕਲ ਕੇ ਸਿਰਮੌਰ ਦੇ ਪਹਾੜਾਂ ਵਿਚ ਅਲੋਪ ਹੋ ਗਿਆ। ਤਿੰਨ ਕੁ ਮਹੀਨੇ ਮੁਗ਼ਲ ਸੈਨਾਪਤੀ ਪਹਾੜੀ ਰਾਜਿਆਂ ਉਪਰ ਦਬਾਅ ਪਾਉਂਦੇ ਰਹੇ ਕਿ ਉਸ ਨੂੰ ਗ੍ਰਿਫਤਾਰ ਕਰਕੇ ਬਾਦਸ਼ਾਹ ਦੇ ਅੱਗੇ ਪੇਸ਼ ਕੀਤਾ ਜਾਵੇ। ਮੁਗ਼ਲ ਬਾਦਸ਼ਾਹ ਹਾਲੇ ਸਢੌਰੇ ਦੇ ਆਸ-ਪਾਸ ਮੌਜ-ਮਸਤੀ ਵਿਚ ਵਿਅਸਤ ਸੀ ਕਿ ਮਾਰਚ 1711 ਵਿਚ ਉਸ ਨੂੰ ਖ਼ਬਰ ਮਿਲੀ ਕਿ ਬੰਦਾ ਸਿੰਘ ਬਹਾਦੁਰ ਨੇ ਬਾਰੀ-ਦੁਆਬ ਦੇ ਇਲਾਕੇ ਵਿਚ ਤਰਥੱਲੀ ਮਚਾ ਦਿੱਤੀ ਹੈ ਅਤੇ ਬਾਯਜੀਦ ਖ਼ਾਨ ਖੇਸ਼ਗੀ ਤੇ ਉਸ ਦਾ ਭਤੀਜਾ ਸ਼ਮਸ ਖ਼ਾਨ ਸਿੱਖਾਂ ਨਾਲ ਰਾਇਪੁਰ-ਬਹਿਰਾਮ ਦੀ ਲੜਾਈ ਵਿਚ ਮਾਰੇ ਗਏ ਹਨ। ਡਰ ਸੀ ਕਿ ਕਿਧਰੇ ਸਿੱਖ ਲਾਹੌਰ ਉਪਰ ਚੜ੍ਹਾਈ ਹੀ ਨਾ ਕਰ ਦੇਣ। ਇਸ ਖ਼ਬਰ ਨੇ ਮੁਗ਼ਲ ਬਾਦਸ਼ਾਹ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ ਕਿਉਂਕਿ ਸਾਰੀ ਮੁਗ਼ਲ ਸੈਨਾ ਤਾਂ ਸਢੌਰੇ ਦੇ ਮੈਦਾਨ ਵਿਚ ਮੁਕੀਮ ਸੀ ਤੇ ਲਾਹੌਰ ਦੀ ਹਿਫ਼ਾਜ਼ਤ ਲਈ ਕੋਈ ਤਕੜੀ ਮੁਗ਼ਲ ਸੈਨਾ ਉਥੇ ਮੌਜੂਦ ਨਹੀਂ ਸੀ। ਇਉਂ ਬਾਦਸ਼ਾਹ ਨੇ ਬੜੀ ਜਲਦੀ ਨਾਲ ਲਾਹੌਰ ਵੱਲ ਕੂਚ ਕਰਨ ਦਾ ਹੁਕਮ ਜਾਰੀ ਕਰ ਦਿਤਾ। ਬੰਦਾ ਸਿੰਘ ਬਹਾਦੁਰ ਨੇ ਬੜੀ ਫੁਰਤੀ ਨਾਲ ਬਾਰੀ-ਦੁਆਬ ਦਾ ਇਲਾਕਾ ਗਾਹ ਮਾਰਿਆ ਤੇ ਰਾਵਿਓਂ ਪਾਰ ਵੀ ਆਪਣੇ ਥਾਣੇ ਕਾਇਮ ਕਰ ਦਿੱਤੇ। ਰੁਸਤਮ ਦਿਲ ਖ਼ਾਨ ਤੇ ਮੁਹੰਮਦ ਅਮੀਨ ਖ਼ਾਨ ਆਦਿ ਨਾਮੀ ਮੁਗ਼ਲ ਸੈਨਾਪਤੀਆਂ ਨੂੰ ਝਟਪਟ ਅਗਾਉਂ ਰਵਾਨਾ ਹੋਣ ਤੇ ਇਸ ਨਵੀਂ ਉਤਪੰਨ ਹੋਈ ਗੰਭੀਰ ਸਥਿਤੀ ਨਾਲ ਸਿੱਝਣ ਦੇ ਹੁਕਮ ਚਾੜ੍ਹੇ ਗਏ। ਬਾਦਸ਼ਾਹ ਖੁਦ ਵੀ ਵਾਹੋ-ਦਾਹੀ ਲਾਹੌਰ ਵੱਲ ਆ ਰਿਹਾ ਸੀ। ਅਗਸਤ 1711 ਦੇ ਅਰੰਭ ਵਿਚ ਬਾਦਸ਼ਾਹ ਜਦੋਂ ਲਾਹੌਰ ਪਹੁੰਚਿਆ ਤਾਂ ਉਸ ਨੂੰ ਖ਼ਬਰ ਮਿਲੀ ਕਿ ਬੰਦਾ ਸਿੰਘ ਬਹਾਦੁਰ ਰੋਪੜ ਦੇ

ਪਾਸ ਸ਼ਿਵਾਲਿਕ ਦੇ ਪਹਾੜਾਂ ਵੱਲ ਚਲਾ ਗਿਆ ਹੈ।ਸਮਕਾਲੀ ਸਰੋਤਾਂ ਦੀ ਗਵਾਹੀ ਅਨੁਸਾਰ ਸਤੰਬਰ-ਅਕਤੂਬਰ 1712 ਵਿਚ ਬੰਦਾ ਸਿੰਘ ਬਹਾਦੁਰ ਨੇ ਸਢੌਰੇ ਤੇ ਲੋਹਗੜ੍ਹ ਉਪਰ ਫਿਰ ਆ ਕਬਜ਼ਾ ਕੀਤਾ। ਏਸੇ ਹੀ ਤਰ੍ਹਾਂ ਜਦੋਂ ਜੂਨ-ਨਵੰਬਰ 1713 ਈ. ਵਿਚ ਅਬਦੁਸ ਸਮਦ ਖ਼ਾਨ ਦੀ ਅਗਵਾਈ ਹੇਠ ਮੁਗ਼ਲ ਸੈਨਾ ਨੇ ਲੰਮੇ ਅਰਸੇ ਲਈ ਸਢੌਰੇ-ਲੋਹਗੜ੍ਹ ਨੂੰ ਘੇਰਾ ਪਾਈ ਰੱਖਿਆ ਤਾਂ ਬੰਦਾ ਸਿੰਘ ਬਹਾਦੁਰ ਤੇ ਉਸ ਦੇ ਸਾਥੀ ਘੇਰੇ ਵਿਚੋਂ ਨਿਕਲ ਕੇ ਫਰਵਰੀ-ਮਾਰਚ 1714 ਵਿਚ ਬਾਰੀ-ਦੁਆਬ ਵਿਚ ਆ ਪ੍ਰਗਟ ਹੋਏ। ਉਕਤ ਤੋਂ ਸਪਸ਼ਟ ਹੈ ਕਿ ਬੰਦਾ ਸਿੰਘ ਬਹਾਦੁਰ ਵਿਚ ਮੁਗ਼ਲ ਸੈਨਾਪਤੀਆਂ ਨੂੰ ਅਵੇਸਲੇ ਹੀ ਦਬੋਚ ਲੈਣਾ ਅਤੇ ਚੁਸਤੀ-ਫੁਰਤੀ ਤੇ ਹੁਸ਼ਿਆਰੀ ਨਾਲ ਰਣ ਦੇ ਮੈਦਾਨ ਨੂੰ ਸਢੌਰੇ ਤੋਂ ਬਾਰੀ-ਦੁਆਬ ਤੇ ਬਾਰੀ-ਦੁਆਬ ਤੋਂ ਸਢੌਰੇ ਵਿਚ ਤਬਦੀਲ ਕਰਕੇ ਅਚੰਭੇ ਵਿਚ ਪਾਈ ਰੱਖਣਾ ਆਪਣੇ ਆਪ ਵਿਚ ਉਚਤਮ ਕਿਸਮ ਦੀ ਸੈਨਿਕ ਪ੍ਰਤਿਭਾ ਦੀ ਲਖਾਇਕ ਸੀ। ਮੁਗ਼ਲ ਸੈਨਾਪਤੀ ਸ਼ਸ਼ੋਪੰਜ ਵਿਚ ਸਨ ਕਿ ਉਹ ਕਿਧਰ ਦਾ ਰੁਖ ਕਰੇਗਾ। ਉਸ ਦੇ ਬਾਰੀ ਦੁਆਬ ਵਿਚੋਂ ਲੱਖੀ-ਜੰਗਲ ਵੱਲ ਜਾਣ ਦੇ ਚਰਚੇ ਵੀ ਸਨ। ਏਸੇ ਤਰ੍ਹਾਂ ਜੰਮੂ ਦੇ ਪਹਾੜਾਂ ਵਿਚੋਂ ਬਰੇਲੀ ਵੱਲ ਰਵਾਨਾ ਹੋ ਜਾਣ ਦੀਆਂ ਵੀ ਅਫਵਾਹਾਂ ਸਨ। ਮੁਗ਼ਲ ਸੈਨਾਪਤੀ ਉਸ ਦੀਆਂ ਜੰਗੀ-ਚਾਲਾਂ ਨੂੰ ਸਮਝਣ ਵਿਚ ਬਿਲਕੁਲ ਅਸਮਰਥ ਸਨ। ਇਉਂ ਜੁੱਧ ਦੇ ਲਈ ਸਮੇਂ ਤੇ ਸਥਾਨ ਵਿਚ ਚੋਣ ਕਰਨ ਵਿਚ ਉਹ ਬੜਾ ਮਾਹਿਰ ਸੀ।

ਬਾਬਾ ਬੰਦਾ ਸਿੰਘ ਬਹਾਦਰ ਬਹੁਤ ਹੀ ਦਮ-ਖਮ ਵਾਲਾ ਵਿਅਕਤੀ ਸੀ। ਉਹ ਜੁੱਸੇ ਦਾ ਗਠੀਲਾ ਤੇ ਰਫ਼ਤਾਰ ਪੱਖੋਂ ਬੜਾ ਫੁਰਤੀਲਾ ਸੀ। ਉਹ ਇੱਕੋ ਦਿਨ ਵਿਚ 20-20 ਕੋਹਾਂ ਦਾ ਪੈਦਲ ਪੈਂਡਾ ਮਾਰ ਸਕਦਾ ਸੀ। ਸਰੀਰ ਵਿਚ ਫੁਰਤੀ ਇਤਨੀ ਸੀ ਕਿ ਸਾਰੇ ਦਲ ਦਾ ਝਟ ਨਿਰੀਖਣ ਕਰ ਲੈਂਦਾ ਸੀ। ਉਹ ਖੁਦ ਆਲ੍ਹਾ ਦਰਜੇ ਦਾ ਤੀਰ-ਅੰਦਾਜ਼ ਤੇ ਇਕ ਮੰਜਿਆ ਹੋਇਆ ਤਲਵਾਰਬਾਜ ਸੀ।ਭੁੱਖ ਤੇ ਪਿਆਸ ਨੂੰ ਬਰਦਾਸ਼ਤ ਕਰਨ ਦੀ ਉਸ ਵਿਚ ਅਥਾਹ ਸ਼ਕਤੀ ਸੀ। ਉਹ ਸਾਰੀ ਸਾਰੀ ਰਾਤ ਦਾ ਉਨੀਂਦਰਾ ਕੱਟ ਸਕਦਾ ਸੀ। ਸਰੀਰ ਦੀ ਹੱਡੀ ਸਖ਼ਤ ਸੀ ਜਿਸ ਕਰਕੇ ਮੰਜ਼ਿਲਾਂ ਮਾਰਨ ਲਈ ਲਗਾਤਾਰ ਘੋੜ-ਸਵਾਰੀ ਕਰ ਸਕਦਾ ਸੀ। ਆਤਮਿਕ ਤੌਰ ’ਤੇ ਉਹ ਇਤਨਾ ਬਲਵਾਨ ਸੀ ਕਿ ਗੁਰਦਾਸ ਨੰਗਲ ਦੇ ਲੰਮੇ ਘੇਰੇ ਦੌਰਾਨ ਪੈਦਾ ਹੋਈਆਂ ਭੁੱਖ-ਮਰੀ ਆਦਿ ਦੀਆਂ ਤਕਲੀਫਾਂ ਅਤੇ ਅੰਤ ਸ਼ਹੀਦੀ ਤੋਂ ਪਹਿਲੇ ਦਰਦਨਾਕ ਤਸੀਹੇ ਉਸ ਨੂੰ ਆਪਣੇ ਸਿਦਕ ਤੇ ਇਰਾਦੇ ਤੋਂ ਡੁਲਾ ਨਹੀਂ ਸਨ ਸਕੇ।

ਬੰਦਾ ਸਿੰਘ ਬਹਾਦੁਰ ਦੀਆਂ ਮੁਗਲਾਂ ਨਾਲ ਲੜਾਈਆਂ ਤੋਂ ਇਹ ਵੀ ਪਤਾ ਚਲਦਾ ਹੈ ਕਿ ਜਿਥੇ ਉਹ ਦੁਸ਼ਮਨ ਉਪਰ ਅਚਾਨਕ ਹਮਲਾ ਕਰਕੇ ਉਸ ਦੇ ਰੱਖਿਆ-ਕਵੱਚ ਨੂੰ ਭੇਦ ਦਿੰਦਾ ਸੀ ਉੱਥੇ ਉਸ ਵਿਚ ਦੁਸ਼ਮਨ ਦੇ ਘੇਰੇ ਵਿਚੋਂ ਬਚ ਕੇ ਨਿਕਲ ਜਾਣ ਦੀ ਕਲਾ ਵੀ ਬੇ-ਮਿਸਾਲ ਸੀ। ਇਤਿਹਾਸ ਗਵਾਹ ਹੈ ਕਿ ਮੁਗ਼ਲ ਸੈਨਾ ਨੇ ਲੋਹਗੜ੍ਹ ਨੂੰ ਨਵੰਬਰ 1710 ਤੇ ਜੂਨ-ਨਵੰਬਰ 1713 ਵਿਚ ਬੰਦਾ ਸਿੰਘ ਬਹਾਦਰ ਨੂੰ ਘੇਰਨ ਦੀ ਬੜੀ ਕੋਸ਼ਿਸ਼ ਕੀਤੀ ਪਰ ਉਹ ਘੇਰੇ ਵਿਚੋਂ ਬਚ ਕੇ ਨਿਕਲਣ ਵਿਚ ਕਾਮਯਾਬ ਰਿਹਾ।ਬਾਬਾ ਬੰਦਾ ਸਿੰਘ ਦੀ ਬਹਾਦਰੀ ਦੇ ਅਸਾਧਾਰਨ ਤੇ ਲਾਸਾਨੀ ਕਾਰਨਾਮਿਆਂ ਨੂੰ ਦੇਖ ਕੇ ਲੋਕਾਂ ਦੀ ਅਕਲ ਦੰਗ ਰਹਿ ਗਈ ਸੀ। ਉਨ੍ਹਾਂ ਨੂੰ ਉਤਸੁਕਤਾ ਤੇ ਹੈਰਾਨੀ ਸੀ ਕਿ ਉਸ ਨੇ ਇਤਨੀ ਹਿੰਮਤ ਤੇ ਸ਼ਕਤੀ ਕਿਥੋਂ ਗ੍ਰਹਿਣ ਕੀਤੀ ਹੈ। ਉਸ ਦੀ

ਸ਼ਖ਼ਸੀਅਤ ਦੇ ਇਸ ਪੱਖ ਬਾਰੇ ਲੋਕਾਂ ਵਿਚ ਭਿੰਨ-ਭਿੰਨ ਪ੍ਰਕਾਰ ਦੀ ਚਰਚਾ ਪ੍ਰਚਲਤ ਹੋ ਗਈ ਸੀ। ਫ਼ਾਰਸੀ ਦੇ ਕੁਝ ਇਤਿਹਾਸਕਾਰ ਉਸ ਨੂੰ ਗ਼ੈਬ ਤੋਂ ਉਤਰਿਆ ਸੱਯਦ ਕਹਿੰਦੇ ਸਨ ਤੇ ਕਈ ਉਸ ਨੂੰ 'ਅਸਮਾਨੀ ਆਫ਼ਤ' ਦਾ ਨਾਮ ਦਿੰਦੇ ਸਨ। ਭਾਈ ਰਤਨ ਸਿੰਘ ਭੰਗੂ ਅਨੁਸਾਰ ਲੋਕਾਂ ਵਿਚ ਇਹ ਧੁੰਮ ਮੱਚ ਗਈ ਸੀ ਕਿ ਇਹ ਤਾਂ ਹਿੰਦੂ ਅਵਤਾਰਾਂ ਵਰਗਾ ਕੋਈ ਅਵਤਾਰ ਹੈ। ਕੋਈ ਕਹਿੰਦਾ ਕਿ ਇਹ ਤਾਂ ਨਿਹਕਲੰਕੀ ਅਵਤਾਰ ਹੈ ਜਿਸ ਨੇ ਸਾਰੇ ਮੁਸਲਮਾਨ ਖਪਾ ਦੇਣੇ ਹਨ, ਕੋਈ ਉਸ ਨੂੰ ਜਾਦੂਗਰ ਤੇ ਕੋਈ ਉਸ ਨੂੰ ਰਸਾਇਣਗਰ ਕਹਿੰਦਾ ਸੀ। ਕੋਈ ਕਹਿੰਦਾ ਸੀ ਕਿ ਗ਼ੈਬੀ ਬੀਰ ਇਸ ਦੇ ਅਖਤਿਆਰ ਵਿਚ ਹਨ। ਕੋਈ ਕਹਿੰਦਾ ਸੀ ਕਿ ਇਹ ਤਾਂ ਬੜਾ ਅਦਭੁਤ ਤੇ ਗ਼ੈਬੀ ਇਨਸਾਨ ਹੈ ਕਿਉਂਕਿ ਨਾ ਤਾਂ ਇਸ ਦਾ ਪੈਰ ਧਰਤੀ 'ਤੇ ਟਿਕਦਾ ਹੈ ਤੇ ਨਾ ਹੀ ਪਰਛਾਵਾਂ ਧਰਤੀ ਉਤੇ ਪੈਂਦਾ ਹੈ ਅਤੇ ਨਾ ਹੀ ਅੱਖਾਂ ਦੀਆਂ ਪਲਕਾਂ ਝਪਕਾਉਂਦਾ ਹੈ। ਬਾਬਾ ਬੰਦਾ ਸਿੰਘ ਬਹਾਦੁਰ ਸਬੰਧੀ ਮੁਗ਼ਲ ਸੈਨਾ ਵਿਚ ਇਹ ਵੀ ਧੁੰਮ ਗਿਆ ਸੀ ਕਿ ਉਹ ਆਪਣੀ ਕਰਾਮਾਤੀ ਸ਼ਕਤੀ ਨਾਲ ਸ਼ਸਤਰ ਬੰਨ੍ਹ ਦਿੰਦਾ ਹੈ। ਚੁਨਾਂਚਿ ਤੋਪ, ਤੀਰ, ਤਲਵਾਰ ਆਦਿ ਦਾ ਵਾਰ ਉਸ ਉਤੇ ਕੋਈ ਅਸਰ ਨਹੀਂ ਕਰਦਾ। ਦਰਿਆਵਾਂ ਦਾ ਪਾਣੀ ਉਸ ਨੂੰ ਰਸਤਾ ਦੇ ਦਿੰਦਾ ਹੈ ਤੇ ਜਿੱਥੇ ਜੀਅ ਚਾਹੇ ਉਹ ਉਡ ਕੇ ਚਲਾ ਜਾਂਦਾ ਹੈ। ਬਾਬਾ ਬੰਦਾ ਸਿੰਘ ਬਹਾਦੁਰ ਦੀ ਅਦਭੁੱਤ ਸ਼ਖ਼ਸੀਅਤ ਤੇ ਬਹਾਦਰੀ ਦੇ ਕਾਰਨਾਮੇ ਮੁਗ਼ਲ ਸੈਨਾ ਲਈ ਇਕ ਬੁਝਾਰਤ ਬਣ ਗਏ ਸਨ। ਅਸਲ ਵਿਚ ਜੋ ਕਾਰਨਾਮੇ ਉਸ ਨੇ ਆਪਣੀ ਹਿੰਮਤ ਤੇ ਬਹਾਦਰੀ ਨਾਲ ਸਰੰਜਾਮ ਦਿੱਤੇ, ਲੋਕ ਉਨ੍ਹਾਂ ਨੂੰ ਉਸ ਦੀ ਕਰਾਮਾਤ ਜਾਂ ਜਾਦੂਗਰੀ ਦਾ ਨਤੀਜਾ ਸਮਝਦੇ ਸਨ। ਫਲਸਰੂਪ ਉਪਰੋਕਤ ਕਿਸਮ ਦੀਆਂ ਕਰਾਮਾਤੀ ਕਹਾਣੀਆਂ ਤੇ ਦੰਦਕਥਾਵਾਂ ਲੋਕਾਂ ਤੇ ਮੁਗ਼ਲ ਸੈਨਿਕਾਂ ਵਿਚ ਫੈਲ ਗਈਆਂ ਸਨ। ਮੁਗ਼ਲ ਸੈਨਾਪਤੀਆਂ ਦੇ ਦਿਲੋ-ਦਿਮਾਗ ਉਤੇ ਬੰਦਾ ਸਿੰਘ ਦੀ ਬਹਾਦਰੀ ਦੀ ਐਸੀ ਦਹਿਸ਼ਤ ਛਾਈ ਹੋਈ ਸੀ ਕਿ ਡਰਦਾ ਹੋਇਆ ਕੋਈ ਪੰਜਾਬ ਵੱਲ ਮੂੰਹ ਨਹੀਂ ਸੀ ਕਰਦਾ।

ਬਾਬਾ ਬੰਦਾ ਸਿੰਘ ਬਹਾਦੁਰ ਦਾ ਦੁਸ਼ਮਣ ਦੇ ਹਮਲੇ ਤੋਂ ਸੁਰੱਖਿਆ ਦਾ ਜੰਗੀ-ਹੁਨਰ ਵੀ ਕਮਾਲ ਦਾ ਸੀ।ਉਸ ਨੇ ਖਾਲਸਾ ਰਾਜ ਸਥਾਪਿਤ ਕਰਕੇ ਸਿਰਮੌਰ ਦੀਆਂ ਪਹਾੜੀਆਂ ਵਿਚ ਲੋਹਗੜ੍ਹ ਤੋਂ ਲੈ ਕੇ ਜੰਮੂ ਤੱਕ ਦੇ ਕੰਢੀ ਦੇ ਇਲਾਕੇ ਵਿਚ ਕਈ ਕਿਲ੍ਹੇ ਸਥਾਪਿਤ ਕਰ ਦਿੱਤੇ ਸਨ।ਸਮਕਾਲੀ ਸਰੋਤਾਂ ਅਨੁਸਾਰ ਲੋਹਗੜ੍ਹ ਨੂੰ ਸਰ ਕਰਨ ਲਈ ਮੁਗ਼ਲ ਸੈਨਾ ਨੂੰ ਸੱਤ-ਸੱਤ ਸੌ ਟੰਬਿਆਂ ਵਾਲੀਆਂ ਪਉੜੀਆਂ ਬਣਵਾਉਣੀਆਂ ਪਈਆਂ ਸਨ। ਏਸੇ ਤਰ੍ਹਾਂ ਗੁਰਦਾਸ ਨੰਗਲ ਅੰਦਰ ਘਿਰੇ ਹੋਏ ਸਿੰਘਾਂ ਦੇ ਜਵਾਬੀ ਹਮਲਿਆਂ ਨੂੰ ਸ਼ਾਂਤ ਕਰਨ ਲਈ ਮੁਗ਼ਲ ਸੈਨਾਪਤੀ ਅਬਦੁਸ ਸਮਦ ਖਾਨ ਨੇ 'ਕੋਹ ਸ਼ਿਕਨ' ਨਾਮੀ ਵੱਡੀ ਤੋਪ ਬਣਵਾਈ ਜੋ ਇਕ ਮਣ ਦਾ ਗੋਲਾ ਦਾਗਦੀ ਸੀ। ਬੰਦਾ ਸਿੰਘ ਬਹਾਦੁਰ ਨੇ ਸਢੌਰੇ-ਲੋਹਗੜ੍ਹ ਅਤੇ ਲੋਹਗੜ੍ਹ-ਸਿਤਾਰਾਗੜ੍ਹ ਵਿਚਕਾਰ ਕੋਈ 52 ਫ਼ੌਜੀ ਚੌਕੀਆਂ ਕਾਇਮ ਕੀਤੀਆਂ ਸਨ। ਇਨ੍ਹਾਂ ਨੂੰ ਐਸੇ ਢੰਗ ਨਾਲ ਤਕਮੀਲ ਕੀਤਾ ਸੀ ਕਿ ਇਨ੍ਹਾਂ ਤੋਂ ਸਹਿਜੇ ਹੀ ਪਿਛਾਂਹ ਨੂੰ ਹਟਿਆ ਜਾ ਸਕਦਾ ਸੀ ਤੇ ਲੋੜ ਪੈਣ ਤੇ ਇਕ ਤੋਂ ਦੂਸਰੀ ਨੂੰ ਕੁਮਕ ਪਹੁੰਚਾਈ ਜਾ ਸਕਦੀ ਸੀ। ਜੇਕਰ ਦੁਸ਼ਮਣ ਸੈਨਾ ਇਨ੍ਹਾਂ ਨੂੰ ਸਰ ਕਰ ਲੈਂਦੀ ਸੀ ਤਾਂ ਉਹ ਸਿੱਧੀ ਸਿੱਖਾਂ ਦੇ ਤੀਰਾਂ ਤੇ ਬੰਦੂਕਾਂ ਦੀ ਮਾਰ ਹੇਠ ਆ ਜਾਂਦੀ ਸੀ। ਸੁਰੱਖਿਆ ਦੀ ਦ੍ਰਿਸ਼ਟੀ ਤੋਂ ਲੋਹਗੜ੍ਹ ਤੇ ਸਿਤਾਰਾਗੜ੍ਹ ਬਹੁਤ ਮਹਿਫੂਜ਼ ਥਾਂ ਸਨ। ਫ਼ਾਰਸੀ ਦੇ ਇਤਿਹਾਸਕਾਰ ਮੰਨਦੇ ਹਨ ਕਿ

ਤਕਰੀਬਨ ਸੱਠ ਹਜ਼ਾਰ ਸਿਪਾਹੀ ਵੀ ਇਸ ਨੂੰ ਸਰ ਕਰਨ ਲਈ ਨਾਕਾਫੀ ਸਨ। ਸੁਰੱਖਿਆ ਲਈ ਲੋਹਗੜ੍ਹ ਤੇ ਸਿਤਾਰਾਗੜ੍ਹ ਦੇ ਪਹਾੜੀ ਕਿਲ੍ਹਿਆਂ ਦੀ ਚੋਣ ਉਸ ਦੇ ਜੰਗੀ-ਹੁਨਰ ਤੇ ਕਲਾ ਦੀ ਜਿਉਂਦੀ ਜਾਗਦੀ ਮਿਸਾਲ ਹੈ। ਗੁਰਦਾਸ ਨੰਗਲ ਦੇ ਘੇਰੇ ਤੋਂ ਪਹਿਲਾਂ ਇਸ ਦੇ ਆਸੇ-ਪਾਸੇ ਫ਼ੌਜੀ ਚੌਕੀਆਂ ਬਣਾਉਣ ਦੀ ਯੋਜਨਾ ਸੀ ਪਰ ਵਕਤ ਦੀ ਤੰਗੀ ਕਾਰਨ ਸਮੇਂ ਸਿਰ ਸਿਰੇ ਨਹੀਂ ਸੀ ਚੜ੍ਹੀ।

ਬਾਬਾ ਬੰਦਾ ਸਿੰਘ ਬਹਾਦੁਰ ਨੇ ਮੁਗ਼ਲ ਸੈਨਾ ਨਾਲ ਸੰਘਰਸ਼ ਦੇ ਲਈ ਕੁਝ ਨਵੀਆਂ ਜੰਗੀ ਚਾਲਾਂ ਤੇ ਪੈਂਤੜੇ ਵੀ ਅਜਮਾਏ। ਮੁਗ਼ਲ ਸੈਨਾ ਦੀ ਸਭ ਤੋਂ ਵੱਡੀ ਤਾਕਤ ਉਸ ਦਾ ਤੋਪਖਾਨਾ ਸੀ। ਬੰਦਾ ਸਿੰਘ ਬਹਾਦਰ ਪਾਸ ਗਿਣਤੀ ਦੀਆਂ ਤੋਪਾਂ ਸਨ, ਜੋ ਸਰਹਿੰਦ ਫਤਹਿ ਉਪਰੰਤ ਹੱਥੀਂ ਲੱਗੀਆਂ ਸਨ। ਨਵੀਆਂ ਤੋਪਾਂ ਦੀ ਢਲਾਈ ਲਈ ਲੋਹੇ ਅਤੇ ਗੋਲੇ ਆਦਿ ਲਈ ਸਿੱਕੇ ਦੀ ਜ਼ਰੂਰਤ ਸੀ, ਜਿਸ ਦੀ ਪੂਰਤੀ ਬੜੀ ਮੁਸ਼ਕਿਲ ਸੀ। ਤੋਪਖਾਨੇ ਦੀ ਇਸ ਘਾਟ ਨੂੰ ਪੂਰਿਆਂ ਕਰਨ ਲਈ ਇਮਲੀ ਦੇ ਦਰਖਤ ਦੇ ਮੋਟੇ ਤਣੇ ਵਿਚ ਛੇਕ ਮਾਰਕੇ ਤੇ ਇਸ ਦੇ ਉਪਰ ਲੋਹੇ ਦੇ ਕੜੇ ਚਾੜ੍ਹ ਕੇ ਤੋਪ ਤਿਆਰ ਕੀਤੀ ਗਈ। ਇਸ ਵਿਚ ਸਿੱਕੇ ਦੇ ਗੋਲਿਆਂ ਦੀ ਥਾਂ ਪੱਥਰਾਂ ਦੀ ਵਰਤੋਂ ਕੀਤੀ ਗਈ। ਫ਼ਾਰਸੀ ਦੇ ਇਤਿਹਾਸਕਾਰ ਲਿਖਦੇ ਹਨ ਕਿ ਭਾਵੇਂ ਇਹ ਪੂਰੀ ਤੋਪ ਦਾ ਕੰਮ ਨਹੀਂ ਸੀ ਦਿੰਦੀ ਪਰ ਤੋਪ ਦੀ ਅੱਧੀ ਮਾਰ ਦਾ ਕੰਮ ਜ਼ਰੂਰ ਕਰਦੀ ਸੀ। ਇਸੇ ਹੀ ਤਰ੍ਹਾਂ ਮੁਗ਼ਲਾਂ ਦੇ ਕਿਲ੍ਹਿਆਂ ਨੂੰ ਸਰ ਕਰਨ ਲਈ ਮੋਰਚਾਲ ਈਜ਼ਾਦ ਕੀਤੇ ਗਏ।ਅਠ੍ਹਾਰਵੀਂ ਸਦੀ ਦੇ ਸਿੱਖਾਂ ਦੀ ਜੰਗੀ-ਕਲਾ ਦੇ ਵਿਸ਼ੇਸ਼ ਪਹਿਲੂ 'ਢਾਈ ਫੱਟ' ਦੀ ਸ਼ੁਰੂਆਤ ਵੀ ਬੰਦਾ ਸਿੰਘ ਬਹਾਦੁਰ ਦੇ ਹੁਨਰ ਦੀ ਦੇਣ ਹੈ। ਏਸੇ ਹੀ ਤਰ੍ਹਾਂ ਸਿੱਖ ਜੰਗੀ-ਕਲਾ ਦੀ ਬਹੁਤ ਹੀ ਸਾਧੀ ਹੋਈ ਚਾਲ ਜਿਸ ਵਿਚ ਦੁਸ਼ਮਣ ਉਪਰ ਹਮਲਾ ਕਰਕੇ ਪਿਛਾਂਹ ਹਟ ਜਾਣਾ ਤੇ ਪਿੱਛਾ ਕਰਦੀ ਆ ਰਹੀ ਵਿਰੋਧੀ ਸੈਨਾ ਦੇ ਟੁਕੜੀ ਨੂੰ ਕਈ ਕੋਹ ਦੂਰ ਲਿਜਾ ਕੇ ਫਿਰ ਅਚਾਨਕ ਚਾਰੇ ਪਾਸਿਓਂ ਘੇਰ ਕੇ ਖਤਮ ਕਰ ਦੇਣਾ, ਬੰਦਾ ਸਿੰਘ ਬਹਾਦੁਰ ਦੀ ਹੀ ਕਾਢ ਸੀ। ਉਪਰੋਕਤ ਕਿਸਮ ਦੀਆ ਕਾਢਾਂ ਤੇ ਇਨ੍ਹਾਂ ਦੀ ਸਫ਼ਲਤਾ ਸਹਿਤ ਵਰਤੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਸੈਨਿਕ ਪ੍ਰਭਿਤਾ ਤੇ ਜੰਗੀ-ਹੁਨਰ ਦੀਆਂ ਗਵਾਹ ਹਨ।

ਬਾਬਾ ਬੰਦਾ ਸਿੰਘ ਬਹਾਦੁਰ ਆਲ੍ਹਾ ਦਰਜੇ ਦਾ ਸਿਆਸਤਦਾਨ ਵੀ ਸੀ। ਉਸ ਨੂੰ ਮੁਗ਼ਲ ਸਾਮਰਾਜ ਦੀ ਸੈਨਿਕ ਸ਼ਕਤੀ ਤੇ ਜੰਗੀ ਵਸੀਲਿਆਂ ਦਾ ਚੰਗੀ ਤਰ੍ਹਾਂ ਗਿਆਨ ਸੀ। ਉਸ ਨੂੰ ਇਹ ਵੀ ਪਤਾ ਸੀ ਕਿ ਸੀਮਿਤ ਸੈਨਿਕ ਵਸੀਲਿਆਂ ਨਾਲ ਮੁਗ਼ਲ ਸੈਨਾ ਨਾਲ ਲੰਮੇ ਸਮੇਂ ਲਈ ਟੱਕਰ ਲੈਣਾ ਕੋਈ ਆਸਾਨ ਕੰਮ ਨਹੀਂ ਹੈ। ਇਸ ਸਥਿਤੀ ਵਿਚ ਉਸ ਨੇ ਮੁਗ਼ਲਾਂ ਦੇ ਅਤਿਆਚਾਰ, ਬੇਇਨਸਾਫੀ ਤੇ ਗ਼ਲਤ ਨੀਤੀਆਂ ਤੋਂ ਦੁਖੀ ਲੋਕਾਂ ਨੂੰ ਲਾਮਬੰਦ ਕਰਨ ਦਾ ਬੀੜਾ ਉਠਾਇਆ। ਇਸ ਮਕਸਦ ਵਿਚ ਉਸ ਨੇ ਜਮੁਨਾ-ਗੰਗ ਦੁਆਬ ਦੇ ਗੁੱਜਰਾਂ ਤੇ ਪੰਜਾਬ ਦੀਆਂ ਪਹਾੜੀ ਰਿਆਸਤਾਂ ਦੇ ਜ਼ਿਮੀਂਦਾਰਾਂ ਨੂੰ ਆਪਣੇ ਨਾਲ ਰਲਾਉਣ ਦੀ ਕੋਸ਼ਿਸ਼ ਕੀਤੀ। ਰਾਜਪੂਤਾਨੇ ਵਿਚ ਅੰਬੇਰ ਤੇ ਜੋਧਪੁਰ ਦੇ ਰਾਜਪੂਤ ਰਾਜੇ ਮੁਗ਼ਲਾਂ ਵਿਰੁੱਧ ਬਗ਼ਾਵਤ ਦੇ ਰਾਹ ਉਤੇ ਤੁਰੇ ਹੋਏ ਸਨ। ਬਾਬਾ ਬੰਦਾ ਸਿੰਘ ਬਹਾਦੁਰ ਨੇ ਰਾਜਪੂਤ ਰਾਜਿਆਂ ਨਾਲ ਸੰਪਰਕ ਸਥਾਪਿਤ ਕਰਨ ਦੀ ਪਹਿਲ ਕਦਮੀ ਕੀਤੀ ਤੇ ਉਨ੍ਹਾਂ ਨੂੰ ਮੁਗ਼ਲਾਂ ਨਾਲ ਸੰਘਰਸ਼ ਕਰਨ ਲਈ ਸਿੱਖ-ਰਾਜਪੂਤ

ਗਠਬੰਧਨ ਦੀ ਤਜਵੀਜ਼ ਪੇਸ਼ ਕੀਤੀ। ਸਿਆਸਤ ਦੀ ਦ੍ਰਿਸ਼ਟੀ ਤੋਂ ਇਹ ਬੜੀ ਆਲ੍ਹਾ ਦਰਜੇ ਦੀ ਚਾਲ ਸੀ ਪਰ ਰਾਜਪੂਤ ਰਾਜਿਆਂ ਦੀ ਬੇਰੁਖੀ ਤੇ ਖ਼ੁਦਗ਼ਰਜੀ ਕਾਰਨ ਨਾਕਾਮ ਹੋ ਗਈ ਨਹੀਂ ਤਾਂ ਮੁ਼ਗ਼ਲ ਸਾਮਰਾਜ ਦਾ ਭੋਗ ਬੜਾ ਸਮਾਂ ਪਹਿਲਾਂ ਹੀ ਪੈ ਜਾਣਾ ਸੀ।

ਉਪਰੋਕਤ ਸਾਰੀ ਚਰਚਾ ਦਾ ਸਾਰ ਇਹ ਹੈ ਕਿ ਬਾਬਾ ਬੰਦਾ ਸਿੰਘ ਬਹਾਦੁਰ ਦੀ ਸ਼ਖ਼ਸੀਅਤ ਦਾ ਅਕਸ ਸਿੱਖ ਮਾਨਸਿਕਤਾ ਵਿਚ 'ਬੰਦਾ ਬਹਾਦੁਰ' ਦੇ ਵਜੋਂ ਬੜਾ ਡੂੰਘਾ ਉਕਰਿਆ ਹੋਇਆ ਹੈ।ਨਾਂਦੇੜ ਵਿਚ ਗੁਰੁ ਦੀ ਸ਼ਰਨ ਵਿਚ ਆਉਣ ਤੋਂ ਲੈ ਕੇ ਆਪਣੇ ਅੰਤਲੇ ਸਾਹਾਂ ਤੱਕ ਉਹ ਗੁਰੂ ਪਤ੍ਰੀ ਵਫ਼ਾਦਾਰ ਰਿਹਾ। ਉਹ ਬਹੁਪੱਖੀ ਪ੍ਰਤਿਭਾ ਦਾ ਮਾਲਕ ਸੀ, ਜਿਸ ਨੂੰ ਗੁਰਬਾਣੀ ਦੇ ਨਜ਼ਰੀਏ ਤੋਂ ਮੁਕੰਮਲ ਇਨਸਾਨ ਭਾਵ 'ਬੰਦਾ' ਕਹਿ ਸਕਦੇ ਹਾਂ। ਉਸ ਨੇ ਆਪਣੇ ਆਚਰਣ ਰਾਹੀਂ 'ਗੁਰੂ ਦਾ ਬੰਦਾ' ਹੋਣ ਦਾ ਸਬੂਤ ਦਿੱਤਾ। ਮੈਦਾਨ-ਏ-ਜੰਗ ਹੋਵੇ ਜਾਂ ਸ਼ਹੀਦੀ ਸਮੇਂ ਦਰਦਨਾਕ ਸਾਕੇ ਜਾਂ ਅਸਹਿ ਤਸੀਹੇ, ਕਾਇਰਤਾ ਜਾਂ ਬੁਜਦਿਲੀ ਦਾ ਖਿਆਲ ਉਸ ਦੇ ਨੇੜ ਦੀ ਨਹੀਂ ਸੀ ਲੰਘਿਆ। ਉਹ ਸੱਚਮੁਚ ਦਾ ਬਹਾਦੁਰ ਸੀ, ਜਿਸ ਦੇ ਮੁਕਾਬਲੇ ਵਿਚ ਆਉਣ ਤੋਂ ਵੱਡੇ-ਵੱਡੇ ਖੱਬੀ-ਖਾਨ ਕੰਨੀ ਕਤਰਾਉਂਦੇ ਸਨ।